# ਦਫ਼ਤਰ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟਰੇਟ, ਫਰੀਦਕੋਟ

(ਫੁਟਕਲ ਸ਼ਾਖਾ)

ਹੁਕਮ ਨੰ: 201 /ਫਸ

ਜਿਵੇਂ ਕਿ ਭਾਰਤ ਸਰਕਾਰ ਨੇ ਕੋਵਿਡ-19 (ਕੋਰੋਨਾ ਵਾਇਰਸ) ਨੂੰ ਮਹਾਂਮਾਰੀ ਘੋਸ਼ਿਤ ਕਰਨ ਉਪਰੰਤ ਪੰਜਾਬ ਸਰਕਾਰ ਵੱਲੋ ਜਾਰੀ ਨੋਟੀਫਿਕੇਸ਼ਨ ਨੰ:14/7/2020-4/677 ਮਿਤੀ 05-03-2020 ਰਾਂਹੀ ਕੋਵਿਡ-19 (ਕੋਰੋਨਾ ਵਾਇਰਸ) ਨੂੰ Epidemic Disease Act, 1897 ਤਹਿਤ ਪੰਜਾਬ ਰਾਜ ਵਿੱਚ ਮਹਾਂਮਾਰੀ ਘੋਸ਼ਿਤ ਕਰ ਦਿੱਤਾ ਗਿਆ ਹੈ। ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋ ਜਾਰੀ ਨੋਟੀਫਿਕੇਸ਼ਨ ਨੰ:14/7/2020-4H4/832 ਮਿਤੀ 18-03-2020 ਰਾਂਹੀ ਪੰਜਾਬ ਦੇ ਸਮੂਹ ਲੋਕਾਂ ਨੂੰ ਕੋਵਿਡ-19 (ਕੋਰੋਨਾ ਵਾਇਰਸ) ਦੇ ਮਾੜੇ ਪ੍ਰਭਾਵ ਤੋ ਬਚਣ ਲਈ ਹਦਾਇਤਾਂ ਜਾਰੀ ਕੀਤੀਆਂ ਹਨ। ਇਸ ਆਪਤਾਕਾਲ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ, ਆਮ ਲੋਕਾਂ ਦੀ ਸੁਰੱਖਿਆ ਲਈ ਅਤੇ ਮਹਾਂਮਾਰੀ ਦੇ ਪ੍ਰਕੋਪ ਤੋ ਬਚਣ ਲਈ ਤੁਰੰਤ ਇੱਕ ਹੁਕਮ ਜਾਰੀ ਕਰਨਾ ਜਰੂਰੀ ਹੈ।

ਇਸ ਲਈ ਮੈਂ, ਕੁਮਾਰ ਸੌਰਭ ਰਾਜ, ਆਈ.ਏ.ਐਸ., ਜਿਲ੍ਹਾ ਮੈਜਿਸਟਰੇਟ, ਫਰੀਦਕੋਟ Epidemic Disease Act, 1897 ਤਹਿਤ ਸੌਂਪੀਆਂ ਗਈਆਂ ਸ਼ਕਤੀਆਂ ਦੀ ਵਰਤੋ ਕਰਦੇ ਹੋਏ, ਜਿਲ੍ਹਾ ਫਰੀਦਕੋਟ ਵਿੱਚ ਹੇਠ ਲਿਖੇ ਸਥਾਨਾਂ ਹੇਠ ਲਿਖੀਆਂ ਗਤੀਵਿਤੀਆਂ ਮਿਤੀ 31 ਮਾਰਚ, 2020 ਤੱਕ ਮੁਅੱਤਲ ਕਰਦਾ ਹਾਂ:-

1) ਜਿਲ੍ਹਾ ਫਰੀਦਕੋਟ ਦੇ ਸਾਰੇ ਜਿਮਨੇਜ਼ੀਅਮ, ਸਵੀਮਿੰਗ ਪੂਲ ਅਤੇ ਸਪਾ ਸੈਂਟਰ ਦੇ ਸੰਚਾਲਣ ਤੇ;
2) ਜਿਲ੍ਹਾ ਫਰੀਦਕੋਟ ਦੇ ਸਾਰੇ ਨਾਈਟ ਕਲੱਬ, ਸਿਨੇਮਾ ਹਾਲ, ਥਿਏਟਰ, ਮਲਟੀਪਲੀਕੇਸ਼ ਦੇ ਸੰਚਾਲਣ ਤੇ;
3) ਜਿਲ੍ਹਾ ਫਰੀਦਕੋਟ ਦੇ ਸਮੂਹ ਹਫਤਾਵਾਰੀ ਬਜ਼ਾਰ /ਸ਼ੋਪਿੰਗ ਮਾਲ (ਬਿਨ੍ਹਾਂ ਦਵਾਈਆਂ ਅਤੇ ਰਾਸ਼ਨ ਦੀਆਂ ਦੁਕਾਨਾਂ) ਦੇ ਸੰਚਾਲਣ ਤੇ;
4) ਜਿਲ੍ਹੇ ਅੰਦਰ ਸਮਾਜਿਕ/ਸਭਿਆਚਾਰਕ/ਰਾਜਨੀਤਿਕ/ਧਾਰਮਿਕ/ਵਿਦਿਅਕ/ਖੇਡਾਂ/ਸੈਮੀਨਾਰ/ਕਾਨਫਰੰਸ ਅਤੇ ਹੋਰ ਇੱਕਠ ਤੇ 50 ਵਿਅਕਤੀਆਂ ਤੋ ਵੱਧ ਦੇ ਇੱਕਠ ਤੇ ਪਾਬੰਦੀ ਹੋਵੇਗੀ। ਇਸ ਇੱਕਠ ਦੌਰਾਨ ਹਰ ਵਿਅਕਤੀ ਇੱਕ ਦੂਸਰੇ ਤੋ 1 ਮੀਟਰ ਦੀ ਦੂਰੀ ਬਣਾਕੇ ਰੱਖੇਗਾਂ।
5) ਜਿਲ੍ਹੇ ਦੇ ਸਮੂਹ ਰੈਸਟੋਰੈਂਟ, ਹੋਟਲਾਂ, ਢਾਬਿਆਂ, ਮੈਰਿਜ਼ ਪੈਲੇਸਾਂ ਆਦਿ ਵਿੱਚ 50 ਤੋ ਵੱਧ ਵਿਅਕਤੀਆਂ ਦਾ ਇੱਕਠ ਤੇ ਨਾ ਹੋਣ ਦਿੱਤਾ ਜਾਵੇ ਅਤੇ ਹਰੇਕ ਵਿਅਕਤੀ ਇੱਕ ਦੂਸਰੇ ਤੋ ਘੱਟ ਤੋ ਘੱਟ 1 ਮੀਟਰ ਦੀ ਦੂਰੀ ਬਣਾਕੇ ਰੱਖਣੀ ਯਕੀਨੀ ਬਣਾਈ ਜਾਵੇ
6) ਜਿਲ੍ਹੇ ਦੇ ਸਮੂਹ ਸਰਕਾਰੀ ਦਫਤਰਾਂ ਵਿੱਚ ਜਰੂਰੀ ਸੇਵਾਵਾਂ ਨੂੰ ਛੱਡਕੇ ਪਬਲਿਕ ਕਾਰੋਬਾਰ ਨੂੰ ਘੱਟ ਕੀਤਾ ਜਾਵੇ।
7) ਜਿਲ੍ਹੇ ਦੇ ਸਮੂਹ ਸੈਲੂਨ, ਬਿਊਟੀ ਪਾਰਲਰ, ਗ੍ਰੂਮਿੰਗ ਸੈਂਟਰਾਂ ਦੇ ਮਾਲਕਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਸੈਂਟਰ ਨੂੰ ਬਾਰ-2 ਨਿਯਮਤ ਤੌਰ ਤੇ ਮਾੜੇ ਪ੍ਰਭਾਵਾਂ ਤੋ ਰਹਿਤ ਬਨਾਉਣ ਵਾਸਤੇ ਐਂਟਰੀ ਗੇਟਾਂ ਤੇ ਹੈਂਡ ਸੈਨੀਟਾਈਜ਼ਰ ਦੀ ਉਪਲਬੱਧਤਾ ਯਕੀਨੀ ਬਣਾਈ ਜਾਵੇ।

ਮਾਮਲੇ ਦੀ ਤੱਤਪਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇਕਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਸਮੂਹ ਆਮ ਲੋਕਾਂ ਨੂੰ ਸੰਬੋਧਨ ਕੀਤਾ ਜਾਂਦਾ ਹੈ। ਇਹ ਹੁਕਮ ਜਿਲ੍ਹਾ ਮੈਜਿਸਟਰੇਟ, ਸੀਨੀਅਰ ਪੁਲਿਸ ਕਪਤਾਨ, ਉਪ-ਮੰਡਲ ਮੈਜਿਸਟਰੇਟਾਂ, ਤਹਿਸੀਲਦਾਰਾਂ, ਕਾਰਜ ਸਾਧਕ ਅਫਸਰਾਂ ਅਤੇ ਬਲਾਕ ਵਿਕਾਸ ਤੇ ਪੰਚਾਇਤ ਅਫਸਰਾਂ ਦੇ ਦਫ਼ਤਰ ਦੇ ਨੋਟਿਸ ਬੋਰਡਾਂ ਤੇ ਚਸਪਾ ਕਰਕੇ ਅਤੇ ਲੋਕ ਸੰਪਰਕ ਵਿਭਾਗ ਫਰੀਦਕੋਟ ਪ੍ਰੈਸ ਮਾਧਿਅਮ ਰਾਹੀਂ ਪ੍ਰਚਾਰ ਕਰਕੇ ਲਾਗੂ ਕੀਤਾ ਜਾਵੇਗਾ।

ਇਹ ਹੁਕਮ ਅੱਜ ਮਿਤੀ 19-03-2020 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਅਦਾਲਤ ਹੇਠ ਜਾਰੀ ਹੋਇਆ ਹੈ।

ਜ਼ਿਲ੍ਹਾ ਮੈਜਿਸਟਰੇਟ,
ਫਰੀਦਕੋਟ

ਪਿੱਠ ਅੰ:ਨੰ: 1539 /ਫਸ-ਫਕ-2 ਮਿਤੀ 19-03-2020

ਉਪਰੋਕਤ ਦਾ ਉਤਾਰਾ ਹੇਠ ਲਿਖੇ ਅਫਸਰਾਂ ਪਾਸ ਜਾਣਕਾਰੀ ਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ :-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪ੍ਰੀਵਾਰ ਭਲਾਈ ਵਿਭਾਗ, ਚੰਡੀਗੜ੍ਹ।
3. ਕਮਿਸ਼ਨਰ, ਫਰੀਦਕੋਟ ਮੰਡਲ, ਫਰੀਦਕੋਟ।
4. ਸਮੂਹ ਜਿਲ੍ਹਾ ਮੈਜਿਸਟਰੇਟ, ਪੰਜਾਬ ਰਾਜ
5. ਸੀਨੀਅਰ ਪੁਲਿਸ ਕਪਤਾਨ, ਫਰੀਦਕੋਟ (ਸਮੇਤ 10-ਕਾਪੀਆਂ) ਪਾਸ ਹੁਕਮਾਂ ਨੂੰ ਲਾਗੂ ਕਰਾਉਣ ਹਿੱਤ।
6. ਕਾਰਜਕਾਰੀ ਇੰਜਨੀਅਰ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਫਰੀਦਕੋਟ
7. ਉਪ-ਮੰਡਲ ਮੈਜਿਸਟਰੇਟ, ਫਰੀਦਕੋਟ, ਕੋਟਕਪੂਰਾ ਅਤੇ ਜੈਤੋ।
8. ਸਿਵਲ ਸਰਜਨ, ਫਰੀਦਕੋਟ।
9. ਜਿਲ੍ਹਾ ਲੋਕ ਸੰਪਰਕ ਅਫਸਰ, ਫਰੀਦਕੋਟ ਪਾਸ ਆਮ ਲੋਕਾਂ ਵਿੱਚ ਪ੍ਰਚਾਰ ਕਰਨ ਹਿੱਤ।
10. ਜਿਲ੍ਹਾ ਮੰਡੀ ਅਫਸਰ, ਫਰੀਦਕੋਟ
11. ਜਿਲ੍ਹਾ ਖੇਡ ਅਫਸਰ, ਫਰੀਦਕੋਟ
12. ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ, ਫਰੀਦਕੋਟ
13. ਸਕੱਤਰ ਮਾਰਕਿਟ ਕਮੇਟੀ, ਫਰੀਦਕੋਟ/ਕੋਟਕਪੂਰਾ/ਸਾਦਿਕ ਅਤੇ ਜੈਤੋ
14. ਤਹਿਸੀਲਦਾਰ, ਫਰੀਦਕੋਟ, ਕੋਟਕਪੂਰਾ ਅਤੇ ਜੈਤੋ ਪਾਸ ਮੁਸਤਰੀ ਮੁਨਾਦੀ ਕਰਾਉਣ ਹਿੱਤ।
15. ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਫਰੀਦਕੋਟ ਅਤੇ ਕੋਟਕਪੂਰਾ ਅਤੇ ਜੈਤੋ।
16. ਕਾਰਜ ਸਾਧਕ ਅਫਸਰ, ਨਗਰ ਕੌਂਸਲ, ਫਰੀਦਕੋਟ, ਕੋਟਕਪੂਰਾ ਅਤੇ ਜੈਤੋ।

ਜ਼ਿਲ੍ਹਾ ਮੈਜਿਸਟਰੇਟ,
ਫਰੀਦਕੋਟ

Scanned by CamScanner